**ਸਲਾਨਾ ਪ੍ਰੀਖਿਆ**

**ਪੇਪਰ-ਪੰਜਾਬੀ (ਪਟੌਨਿਓਲ)**

**ਵਿਸ਼ਾ: ਪੰਜਾਬੀ** **ਕਲਾਸ: ਦਸਵੀਂ**

**ਕੁਲ ਅੰਕ - 50** **ਸਮਾਂ : 2.30 ਘੰਟੇ**

**ਭਾਗ ੳ** **( ਇਸ ਭਾਗ ਵਿਚ ਕੋਈ ਦੋ ਪ੍ਰਸ਼ਨ ਕਰੋ)**

**ਪ੍ਰਸ਼ਨ : 1 ਹੇਠ ਲਿਖੀਆਂ ਪੰਕਤੀਆਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉਤਰ ਦਿਉ:-**

'ਕੁਝ ਰੁਖ ਮੇਰੀ ਦਾਦੀ ਵਰਗੇ, ਦੂਰੀ ਪਾਵਣ ਕਾਵਾਂ

ਕੁਝ ਰੂਖ ਯਾਰਾਂ ਵਰਗੇ ਲਗਦੇ, ਚੁੰਮਾਂ ਤੇ ਗੱਲ ਲਾਵਾਂ'

1. ਉਪਰੋਕਤ ਕਾਵਿ ਪੰਕਤੀਆਂ ਕਿਸ ਕਵਿਤਾ ਨਾਲ ਸੰਬੰਧਿਤ ਹਨ?
2. ਇਨ੍ਹਾਂ ਸਤਰਾਂ ਨੂੰ ਲਿਖਣ ਵਾਲੇ ਕਵੀ ਦਾ ਨਾਂ ਦਸੋ?
3. ਕਵੀ ਨੂੰ ਰੁੱਖ ਕਿਹੜੇ ਰਿਸ਼ਤਿਆ ਵਾਂਗ ਲਗਦੇ ਹਨ ਤੇ ਕਿਉ?
4. ਇਨ੍ਹਾਂ ਕਾਵਿ ਸਤਰਾਂ ਵਿਚ ਕਵੀ ਨੇ ਜਿਹੜੇ ਰਿਸ਼ਤਿਆ ਦੀ ਗੱਲ ਕੀਤੀ ਹੈ, ਉਹ ਕੀ ਰਹੇ ਹਨ?
5. ਕਵੀ ਰੁਖਾਂ ਨੂੰ ਚੁੰਮਣਾਂ ਕਿਉਂ ਚਾਹੁੰਦਾ ਹੈ?

**ਪ੍ਰਸ਼ਨ : 2 ਹੇਠ ਲਿਖੀਆਂ ਕਾਵਿ-ਪੰਕਤੀਆਂ ਵਿਚੋਂ ਪ੍ਰਸ਼ਨਾਂ ਦੇ ਉਤਰ ਲਿਖੋ:?**

'ਕੀ ਕੁਝ ਮਿਲਿਆ ਦਾਈਆਂ ਤੇ ਮਾਈਆਂ
ਕੀ ਕੁਝ ਮਿਲਿਆ ਸਕੀਆਂ ਭੈਣਾਂ
ਪੰਜ ਰੁਪਏ ਇਨ੍ਹਾਂ ਦਾਈਆਂ ਤੇ ਮਾਈਆਂ
ਪਤਟ ਦਾ ਤਵਰ ਸਕੀਆਂ ਭੈਣਾਂ
ਪੁਛਦੀ ਪੁਛਾਂਦੀ ਗਲੀ ਵਿਚ ਮਾਸੀ
ਸ਼ਾਦੀ ਵਾਲਾ ਘਰ ਕਿਹੜਾ।'

1. ਇਹ ਪੰਕਤੀਆਂ ਸੁਹਾਗ ਨਾਲ ਸੰਬਧਤ ਹਨ ਜਾਂ ਘੋੜੀਆਂ ਨਾਲ ?
2. ਇਨ੍ਹਾਂ ਪੰਕਤੀਆਂ ਵਿਚ ਕਿਸ ਸਮੇਂ ਦੀ ਗੱਲ ਕੀਤੀ ਜਾ ਰਹੀ ਹੈ?
3. ਸਿਹਰੇਂ ਦੀ ਰਸਮ ਕਿਸ ਨਾਲ ਸੰਬਧਿਤ ਹੈ?
4. ਦਾਈਆਂ ਨੂੰ ਕਿੰਨੇ ਰੁਪਏ ਮਿਲਦੇ ਦੀ ਗੱਲ ਕੀਤੀ ਗਈ ਹੈ?
5. ਕਿਹੜੇ ਘਰ ਦਾ ਵਰਨਣ ਪੰਕਤੀਆਂ ਵਿਚ ਹੋ ਰਿਹਾ ਹੈ?

**ਪ੍ਰਸ਼ਨ 3. ਕਾਵਿ ਬੰਦ ਨੂੰ ਪੜ ਕੇ ਪ੍ਰਸ਼ਨਾਂ ਦੇ ਉਤਰ ਦਿਉ:-**

ਰੁਤਾਂ ਵੀ ਸ਼ਰਮਾ ਵਣ ਹੁਣ ਪੰਜਾਬ ਦੀ ਦੇਖ ਬਹਾਰ

ਮਜ਼ਦੂਰ ਤੇ ਵੀਰ ਕਿਸਾਨਾਂ ਅੰਨ ਦੇ ਭੰਡਾਰ

ਇਨ੍ਹਾਂ ਰਲ ਮਿਲ ਕੇ ਪੰਜਾਬ ਦੀ ਕੀਤੀ ਉਦੀ ਸ਼ਾਨ।

1. ਰੁਤਾਂ ਕਿਉਂ ਸ਼ਰਮਾਂ ਰਹੀਆਂ ਹਨ?
2. ਇਹ ਕਾਵਿ ਪੰਕਤੀਆਂ ਕਿਸ ਕਵਿਤਾ ਨਾਲ ਨਾਲ ਸੰਬੰਧਿਤ ਹਨ?
3. ਪੰਜਾਬੀ ਦੀ ਸ਼ਾਨ ਉਚੀ ਕਿਸ ਨੇ ਕੀਤੀ?
4. ਭਹਾਰ ਤੇ ਰਲ ਮਿਲ ਸਬਦਾ ਦੇ ਉਲਟ ਅਰਥ ਲਿਖੋ?
5. ਕਿਸਾਨ ਦਾ ਜੀਵਨ ਕਿਹੇ ਜਿਹਾ ਹੁੰਦਾ ਹੈ? **(Total 10)**

**ਪ੍ਰਸ਼ਨ 4. ਵਾਤਰਕ ਬੰਦ ਨੂੰ ਪੜ੍ਹਨ ਉਪਰੰਤ ਹੇਠ ਲਿਖੇ ਪ੍ਰਸ਼ਨਾ ਦੇ ਉਤਰ ਦਿਉਂ:-**

ਹਾਦਸਿਆਂ ਭਰੀ ਜ਼ਿੰਦਗੀ ਦੀ ਫਿਲਮ ਛਪਾ-ਛਪ ਤੁਰਦੀ ਜਾਂਦੀ ਹੈ। ਤੇ ਆਂਦਾ ਪਿਆਰ ਮੱਧਮ ਮਿੱਠਾ ਸੰਗੀਤ ਬਣ ਕੇ ਇਹਦੇ ਨਾਲ ਤਾਲ ਦੇਂਦਾ ਰਹਿੰਦਾ ਹੈ ਇਸ ਤਲਾਸ਼ ਦਾ ਜ਼ਿੰਦਗੀ ਦੀ ਸੁਖਾਲੀ ਰਵਾਨੀ ਨਾਲ ਕੀ ਸੰਬੰਧ ਹੈ? ਇਹਦਾ ਗਿਆਨ ਉਦੋਂ ਹੀ ਹੁੰਦਾ ਹੈ ਜਦੋਂ ਇਹ ਤਾਲ ਟੁਟ ਜਾਂਦਾ ਹੈ ਤੇ ਜ਼ਿੰਦਗੀ ਦੀ ਫ਼ਿਲਮ ਖੁਸ਼ਕ ਹੁੰਦੀਆਂ ਜਾਂਦੀ ਸਰਗਰਮੀਆਂ ਉਤੇ ਖੜਖੜਾਈ ਤੁਰਦੀ ਹੈ।

1. ਵਾਰਤਕ ਪੰਕਤੀਆਂ ਦਾ ਸਬੰਧ ਕਿਸ ਲੇਖ ਨਾਲ ਹੈ?
2. ਇਸ ਲੇਖ ਦੇ ਲੇਖਕ ਦਾ ਨਾਂ ਲਿਖੋ?
3. ਮਾਂ ਦਾ ਪਿਆਰ ਕਿਹੁ ਜਿਹਾ ਹੈ?
4. ਜ਼ਿੰਦਗੀ ਦਾ ਤਾਲ ਕਦੋਂ ਟੁੱਟਦਾ ਹੈ?
5. ਜ਼ਿੰਦਗੀ ਖੁਸ਼ਕ ਹੋਣ ਦਾ ਅਹਿਸਾਸ ਕਦੋਂ ਹੁੰਦਾ ਹੈ?

ਜਾਂ

**ਪ੍ਰਸ਼ਨ5 : ਵਾਰਤਕ ਬੰਦ ਨੂੰ ਪੜ੍ਹ ਕੇ ਪ੍ਰਸ਼ਨਾ ਦੇ ਉਤਰ ਲਿਖੋ :-**

ਉਸ ਨੇ ਆਪਣੇ ਨਾਲ ਬੀਤੇ ਹਾਦਸਿਆਂ ਨੂੰ ਸੀਨੇ ਦੀ ਕਬਰ ਵਿਚ ਦਫ਼ਨ ਕਰ ਦਿੱਤਾ। ਫਿਰ ਕਰਮਾਂ ਦੇ ਰੁ-ਬ-ਰੂ ਨੂੰ ਪਿੰਜਿਆ, ਲੇਖਾਂ ਦਾ ਸੂੱਤ ਕਤਿੱਆ, ਅਨਹਦ ਦੀ ਖੇਸੀ ਬੁਣੀ, ਰੂਹ ਨੂੰ ਖੇਸ ਵਿਚ ਵਲੇਟ੍ਹਿਆਂ ਤੇ ਇੰਝ ਹਯਾਤੀ ਦੇ ਦਰਿਆ ਨੂੰ ਸ਼ਾਤ ਸਾਗਰ ਅੰਦਰ ਜਜਬ ਕਰ ਦਿਤਾ।

1. ਕਬਰ ਵਿਚ ਕਿਸ ਨੂੰ ਦਫ਼ਨ ਕੀਤਾ ਗਿਆ?
2. ਖਰਮਾ ਲੇਖਾਂ ਦਾ ਕੀ ਕੀਤਾ ਗਿਆ?
3. ਪੰਕਤੀਆਂ ਵਿਚ ਕਿਹੜੀਆਂ ਵਸਤੂਆਂ ਨਾਂ ਆਏ ਹਨ?

4. ਉਪਰੋਕਤ ਘਟਨਾ ਕਿਸ ਨਾਲ ਸੰਬਧਿਤ ਹੈ?

**5.** ਰੂਹ ਦਾ ਸੰਬੰਧ ਕਿਸ ਨਾਲ ਹੈ? **Marks 5**

**6. ਪ੍ਰਸ਼ਨ : 6 'ਕੈਦੀ ਅਰਜਨ ਸਿੰਘ' ਇਕਾਂਗੀ ਵਿਚੋਂ ਅਰਜਨ ਸਿੰਘ ਦੀ ਪਾਤਰ –ਉਸਾਰੀ ਕਰੋ? Marks 8**

**ਪ੍ਰਸ਼ਨ : 7 ਕਿਸ਼ਨ ਗੋਪੀ ਦਾ ਪਰਤ ਆਉਣਾ' ਕਹਾਣੀ ਵਿਚ ਕਿਸ ਸੱਮਸਿਆ ਵਲ ਸੰਕੇਤ ਹੈ? Marks 10**

i. ਰੰਗਮੰਚ ਕੀ ਹੁੰਦਾ ਹੈ?

ii. ਮੁਸਾਫ਼ਿਰ ਘੋੜੀ ਤੇ ਸਵਾਰ ਹੋ ਕੇ ਕਿਥੋਂ ਲੰਘ ਰਿਹਾ ਸੀ ?

iii. ਘੋੜੀ ਕਿਸ ਨੇ ਦੁਹਰਾਈ ਸੀ?

iv. ਤਾਸ਼ ਦੀ ਆਦਤ ਕਹਾਣੀ ਕਿਸ ਨੇ ਲਿਖੀ ਹੈ?

v. ਤਾਸ਼ ਖੇਡਣ ਨਾਲ ਕਿਸ ਆਦਤ ਦਾ ਵਿਕਾਸ ਹੁੰਦਾ ਹੈ?

vi. ਮਾਂ ਲੇਖ ਕਿਸ ਨੇ ਲਿਖਿਆ ਹੈ?

vii. ਹੰਮਾਯੂ ਪਾਤਰ ਕਿਸ ਕਹਾਣੀ ਨਾਲ ਸੰਬਧਿਤ ਹੈ?

viii. ਪੰਕਤੀ ਪੂਰੀ ਕਰੋ......ਜਓ ਤਓ ਪ੍ਰੇਮ.........?

ix. ਕਵੰਲ ਕਸ਼ਮੀਰੀ ਨੇ ਕਿਸ ਕਹਾਣੀ ਨੂੰ ਲਿਖਿਆ ਹੈ? **Marks 10**

ਭਾਗ ੲ

**ਪ੍ਰਸ਼ਨ 8. ਕੋਈ ਇਕ ਨਿਬੰਧ ਲਿਖੋ:**

ਪ੍ਰਦੂਸ਼ਣ ਦੀ ਸਮਸਿਆਂ

ਜਾਂ

ਨਸ਼ਾ ਖੋਰੀ ਦੀ ਸਮਸਿਆਂ।

**ਪਸ਼੍ਨ 9. ਅਖਾਣਾਂ ਦੇ ਅਰਥ ਲਿਖੋ : (ਕੋਈ ਪੰਜ)**

ਸੱਪ ਦਾ ਬੱਚਾ ਸਪੋਲੀਆ, ਇਕੋ ਅੰਡਾ ਉਹ ਵੀ ਗੰਦਾ, ਇਕ ਸਡੀ ਮੱਛੀ ਸਾਰੇ ਤਲਾਅ ।

ਹਾਰ ਮੰਨੀ ਝਗੜਾ ਮੁਕਾ, ਹੀਲੇ ਰਿੱਝਕ ਬਹਾਨੈ ਮੋਤ। **Marks 5**

**ਪ੍ਰਸ਼ਨ 10. ਕੋਈ ਪੰਜ ਮੁਹਾਵਰਿਆ ਨੂੰ ਵਾਕਾ ਵਿਚ ਵਰਤੋਂ :-**

ਅੱਖ ਦਾ ਤਾਰਾ, ਈਦ ਦਾ ਚੰਨ, ਉਲੂ ਸਿਦਾ ਕਰਨਾ, ਅੱਖ ਮਾਰਨੀ, ਇਟ ਦਾ ਵੈਰ, ਦੰਦ ਖੱਟਟ ਕਰਨਾ, ਉਗਲੀਂ ਲਾਉਣੀ, ਲੋਹੇ ਦੇ ਚੰਨੇ ਦਬਾਉਣਾ।